# ਪੰਜਾਬ ਸਕੂਲ ਸਿੱਖਿਆ ਬੋਰਡ

ਵਿਸ਼ਾ:-ਰਜਿਸਟ੍ਰੇਸ਼ਨ ਦੇ ਵੇਰਵਿਆਂ ਵਿੱਚ ਸੋਧਾਂ ਸਬੰਧੀ।

ਸਕੂਲਾਂ ਵੱਲੋਂ ਪ੍ਰੀਖਿਆਰਥੀਆਂ ਦੀ ਆਨ-ਲਾਈਨ ਰਜਿਸਟ੍ਰੇਸ਼ਨ ਕਰਦੇ ਸਮੇਂ ਉਨ੍ਹਾਂ ਦੇ ਵੇਰਵਿਆਂ ਵਿੱਚ ਕਈ ਵਾਰ ਗਲਤ ਇੰਦਰਾਜ ਹੋ ਜਾਂਦੇ ਹਨ। ਇਨ੍ਹਾਂ ਵੇਰਵਿਆਂ ਵਿੱਚ ਸੋਧ ਕਰਨ ਲਈ ਬੋਰਡ ਦਫਤਰ ਵੱਲੋਂ ਇੱਕ ਮਹੀਨੇ ਦਾ ਸਮਾਂ ਬਿਨ੍ਹਾਂ ਫੀਸ ਤੋਂ ਦਿੱਤਾ ਜਾਂਦਾ ਹੈ। ਜੇਕਰ ਨਿਰਧਾਰਿਤ ਸਮੇਂ ਵਿੱਚ ਇਹ ਸੋਧ ਨਹੀਂ ਕੀਤੀ ਜਾਂਦੀ ਤਾਂ ਇਸ ਮੰਤਵ ਲਈ ਜ਼ੁਰਮਾਨਾ ਰਾਸ਼ੀ ਲਈ ਜਾਂਦੀ ਹੈ।

2. ਆਨ-ਲਾਈਨ ਰਜਿਸਟ੍ਰੇਸ਼ਨ ਕਰਦੇ ਸਮੇਂ ਰਹਿ ਗਈਆਂ ਸੋਧਾਂ ਕਰਨ ਲਈ ਹੇਠ ਦਰਸਾਈ ਸਮਰੱਥ ਅਥਾਰਿਟੀ ਨੂੰ ਅਧਿਕਾਰਤ ਕੀਤਾ ਜਾਂਦਾ ਹੈ:-

| ਲੜੀ ਨੰਬਰ | ਸ਼੍ਰੇਣੀ | ਸਮਰੱਥ ਅਥਾਰਿਟੀ |
|---|---|---|
| 1. | ਪੰਜਵੀਂ | ਬਲਾਕ ਪ੍ਰਾਇਮਰੀ ਅਫਸਰ |
| 2. | ਅੱਠਵੀਂ | ਮੁੱਖ-ਅਧਿਆਪਕ ਜਾਂ ਡੀ.ਡੀ.ਓ. |
| 3. | ਨੌਵੀਂ | ਮੁੱਖ-ਅਧਿਆਪਕ |
| 4. | ਗਿਆਰ੍ਹਵੀਂ | ਪ੍ਰਿੰਸੀਪਲ |

3. ਸਮਰੱਥ ਅਥਾਰਿਟੀ ਹੇਠ ਦਰਸਾਈਆਂ ਸੋਧਾਂ ਲਈ ਉਨ੍ਹਾਂ ਸਾਹਮਣੇ ਦਰਸਾਏ ਦਸਤਾਵੇਜ਼ਾਂ ਦੇ ਆਧਾਰ ਤੇ ਲੋੜੀਂਦੀਆਂ ਸੋਧਾਂ ਕਰ ਸਕੇਗੀ:-

| ਲੜੀ ਨੰਬਰ | ਸੋਧ ਦੀ ਕਿਸਮ | ਲੋੜੀਂਦੇ ਦਸਤਾਵੇਜ਼ |
|---|---|---|
| 1. | ਪ੍ਰੀਖਿਆਰਥੀ ਦਾ ਨਾਂ | ਸਿਵਲ ਸਰਜਨ/ਸਮਰੱਥ ਅਥਾਰਿਟੀ ਵੱਲੋਂ ਜਾਰੀ ਜਨਮ ਦਾ ਸਰਟੀਫਿਕੇਟ। |
| 2. | ਮਾਤਾ/ਪਿਤਾ ਦੇ ਨਾਂ ਦੀ ਸੋਧ | ਆਧਾਰ ਕਾਰਡ ਜਾਂ ਰਾਸ਼ਨ ਕਾਰਡ ਜਾਂ ਪਿੰਡ ਦੇ ਨੰਬਰਦਾਰ/ਸਰਪੰਚ ਜਾਂ ਮਿਊਂਸਪਲ ਕੌਂਸਲਰ ਦੁਆਰਾ ਜਾਰੀ ਸਰਟੀਫਿਕੇਟ। |
| 3. | ਪ੍ਰੀਖਿਆਰਥੀ ਦੀ ਫੋਟੋ ਦੀ ਸੋਧ | ਪ੍ਰੀਖਿਆਰਥੀ ਦੀ ਸਹੀ ਫੋਟੋ। |
| 4. | ਵਿਸ਼ੇ ਦੀ ਸੋਧ | ਸੋਧ ਵਾਲੇ ਵਿਸ਼ੇ ਦੀ ਹਾਜ਼ਰੀ ਦਾ ਰਿਕਾਰਡ, ਪਿਛਲੀ ਲਈ ਗਈ ਸਕੂਲ ਪੱਧਰ ਦੀ ਪ੍ਰੀਖਿਆ ਦਾ ਰਿਪੋਰਟ ਕਾਰਡ। |
| 5. | ਕੈਟਾਗਿਰੀ | ਸਮਰੱਥ ਅਥਾਰਿਟੀ ਵੱਲੋਂ ਜਾਰੀ ਕਾਸਟ ਸਰਟੀਫਿਕੇਟ। |
| 6. | ਜਨਮ ਮਿਤੀ ਦੀ ਸੋਧ | ਸਿਵਲ ਸਰਜਨ/ਸਮਰੱਥ ਅਥਾਰਿਟੀ ਵੱਲੋਂ ਜਾਰੀ ਜਨਮ ਦਾ ਸਰਟੀਫਿਕੇਟ। |